ਐਚਡੀਐਫਸੀ ਬੈਂਕ ਨਾਲ ਪੱਜ਼ੀਟਿਵ ਪੇ

ਹੁਣ ਪੱਜ਼ੀਟਿਵ ਪੇ ਨਾਲ ਆਪਣੇ ਚੈੱਕ ਭੁਗਤਾਨਾਂ ਨੂੰ ਸੁਰੱਖਿਅਤ ਕਰੋ

ਇਹ ਸੁਵਿਧਾ ਗਾਹਕਾਂ ਨੂੰ ਚੈੱਕ ਭੁਗਤਾਨਾਂ ਵਿੱਚ ਸੁਰੱਖਿਆ ਪ੍ਰਦਾਨ ਕਰਨ ਅਤੇ ਚੈੱਕ ਲੀਫ਼ ਨਾਲ ਛੇੜਛਾੜ ਦੇ ਕਾਰਨ ਹੋਣ ਵਾਲੇ ਧੋਖਾਧੜੀ ਦੀਆਂ ਘਟਨਾਵਾਂ ਨੂੰ ਘੱਟ ਕਰਨ ਲਈ ਹੈ। ਐਚਡੀਐਫਸੀ ਬੈਂਕ ਨੇ 50,000 ਅਤੇ ਉਸ ਤੋਂ ਵੱਧ ਮੁੱਲ ਦੇ ਸਾਰੇ ਚੈੱਕਾਂ ਲਈ ਪੱਜ਼ੀਟਿਵ ਪੇ ਦੀ ਵਿਵਸਥਾ ਸ਼ੁਰੂ ਕੀਤੀ ਹੈ। ਪੱਜ਼ੀਟਿਵ ਪੇ ਰਾਹੀਂ, ਚੈੱਕਾਂ ਜਾਰੀ ਕਰਨ ਵੇਲੇ ਗਾਹਕ ਦੁਆਰਾ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ ਨਿਕਾਸੀਕਰਤਾ ਬੈਂਕ ਦੁਆਰਾ ਇਹਨਾਂ ਚੈਕਾਂ ਦਾ ਭੁਗਤਾਨ ਕੀਤਾ ਜਾਵੇਗਾ।

ਗਾਹਕ ਨੂੰ ਚੈੱਕ ਨੂੰ ਕਲੀਅਰਿੰਗ ਵਿੱਚ ਪੇਸ ਕਰਨ ਤੋਂ ਘੱਟੋ-ਘੱਟ 24 ਕੰਮਕਾਜੀ ਘੰਟੇ ਪਹਿਲਾਂ ਜਾਰੀ ਕੀਤੇ ਗਏ ਚੈੱਕ ਦੇ ਬਾਰੇ ਹੇਠ ਲਿਖੇ ਵੇਰਵੇ ਸਾਂਝੇ ਕਰਨੇ ਪੈਣਗੇ।

ਜਦੋਂ ਭੁਗਤਾਨਕਰਤਾ ਸੀਟੀਐਸ ਕਲੀਅਰਿੰਗ ਰਾਹੀਂ ਚੈੱਕ ਵਸੂਲੀ ਲਈ ਜਮ੍ਹਾਂ ਕਰਦਾ ਹੈ, ਤਾਂ ਵੇਰਵੇ (ਖਾਤਾ ਨੰਬਰ/ਚੈੱਕ ਨੰਬਰ ਅਤੇ ਚੈੱਕ ਰਾਸ਼ੀ) ਨੂੰ ਵੈਧ ਕੀਤਾ ਜਾਵੇਗਾ ਜੋ ਪੱਜ਼ੀਟਿਵ ਪੇ ਰਾਹੀਂ ਬੈਂਕ ਨੂੰ ਪ੍ਰਦਾਨ ਕੀਤੇ ਗਏ ਹਨ।

ਕਿਰਪਾ ਕਰਕੇ ਸੀਟੀਐਸ ਲਈ ਪੱਜ਼ੀਟਿਵ ਪੇ ਪ੍ਰਣਾਲੀ ਲਈ ਕਿਰਪਾ ਕਰਕੇ ਹੇਠ ਲਿਖਿਆਂ ਗੱਲਾਂ ਵੱਲ ਧਿਆਨ ਦਿਓ:

ਚਰਨ 1: ਚੈੱਕ ਲਿਖਣ 'ਤੇ ਚੈੱਕ ਜਾਰੀ ਕਰਨ ਵਾਲੇ (ਜਾਰੀਕਰਤਾ) ਨੂੰ ਚੈੱਕ ਲਿਖਦੇ ਹੇਠਾਂ ਦਿੱਤੇ ਗਏ ਵਿਸ਼ੇਸ਼ ਵਿਵਰਣ ਨੂੰ ਹੇਠਾ ਦਿੱਤੇ ਗਏ ਨਮੂਨਾ ਈਮੇਲ ਫਾਰਮੈਟ ਵਿੱਚ ਨੱਥੀ ਐਕਸਲ ਸ਼ੀਟ ਦੇ ਨਾਲ ਜਾਰੀ ਕੀਤੇ ਗਏ ਚੈਕ ਦੀ ਪੁਸ਼ਟੀ ਵਜੋਂ ਪੇਸ਼ ਕਰਨਾ ਪਵੇਗਾ।

* ਖਾਤਾ ਨੰਬਰ (ਗਾਹਕ ਦਾ ਖਾਤਾ ਨੰਬਰ)
* ਚੈੱਕ ਨੰਬਰ
* ਚੈੱਕ ਦੀ ਮਿਤੀ – (ਚੈੱਕ ਜਾਰੀ ਕਰਨ ਦੀ ਮਿਤੀ)
* ਚੈੱਕ ਦੀ ਰਾਸ਼ੀ – (ਰਕਮ ਕੌਮੇ ਨਾਲ ਵੱਖ ਨਹੀਂ ਕੀਤੀ ਜਾਣੀ ਚਾਹੀਦੀ)
* ਲਾਭਪਾਤਰੀ ਦਾ ਨਾਮ – (ਖਾਤਾਧਾਰਕ ਦੁਆਰਾ ਜਾਰੀ ਕੀਤੇ ਗਏ ਚੈੱਕ ਦਾ ਲਾਭਪਾਤਰੀ)

ਵੇਰਵੇ ਬੈਂਕ ਦੇ ਹੇਠ ਲਿਖੇ ਈਮੇਲ ਆਈਡੀ 'ਤੇ ਭੇਜੇ ਜਾਣੇ ਚਾਹੀਦੇ ਹਨ:

* **Positivepaynorth@hdfcbank.com**

ਉੱਤਰੀ ਖੇਤਰਾਂ ਜਿਵੇਂ ਕਿ – ਪੰਜਾਬ, ਉੱਤਰ ਪ੍ਰਦੇਸ਼, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਰਾਜਸਥਾਨ, ਉਤਰਾਖੰਡ, ਦਿੱਲੀ ਦੇ ਗਾਹਕਾਂ ਲਈ।

* **Positivepaysouth@hdfcbank.com**

ਦੱਖਣੀ ਖੇਤਰਾਂ ਜਿਵੇਂ ਕਿ – ਤਾਮਿਲਨਾਡੂ, ਕੇਰਲ, ਕਰਨਾਟਕ, ਆਂਧਰਾ ਪ੍ਰਦੇਸ਼, ਤੇਲੰਗਾਨਾ ਦੇ ਗਾਹਕਾਂ ਲਈ।

* **Positivepayeast@hdfcbank.com**

ਪੂਰਬੀ ਖੇਤਰਾਂ ਜਿਵੇਂ ਕਿ ਪੱਛਮੀ ਬੰਗਾਲ, ਓਡੀਸ਼ਾ, ਅਸਾਮ, ਬਿਹਾਰ, ਝਾਰਖੰਡ, ਅਰੁਣਾਚਲ ਪ੍ਰਦੇਸ਼, ਮਨੀਪੁਰ, ਮੇਘਾਲਿਆ, ਮਿਜ਼ੋਰਮ, ਨਾਗਾਲੈਂਡ, ਤਰਿਪੁਰਾ, ਸਿੱਕਮ ਦੇ ਗਾਹਕਾਂ ਲਈ।

* **Positivepaywest@hdfcbank.com**

ਪੱਛਮੀ ਖੇਤਰਾਂ ਜਿਵੇਂ ਕਿ ਮਹਾਰਾਸ਼ਟਰ, ਗੁਜਰਾਤ, ਮੱਧ ਪ੍ਰਦੇਸ਼, ਗੋਆ, ਛੱਤੀਸਗੜ੍ਹ ਦੇ ਗਾਹਕਾਂ ਲਈ।

(ਕਿਰਪਾ ਕਰਕੇ ਧਿਆਨ ਦਿਓ: ਉੱਪਰ ਦਿੱਤੇ ਗਏ ਈਮੇਲ ਆਈਡੀ ਖੇਤਰੀ ਈਮੇਲ ਆਈਡੀ ਹਨ ਅਤੇ ਇਸ ਲਈ ਕਿਰਪਾ ਕਰਕੇ ਈਮੇਲ ਨੂੰ ਸਿਰਫ਼ ਆਪਣੇ ਸਥਾਨ ਦੇ ਅਨੁਸਾਰ ਸੰਬੰਧਿਤ ਈਮੇਲ ਆਈਡੀ 'ਤੇ ਹੀ ਭੇਜੋ।)

ਚਰਨ 2: ਚੈੱਕ ਜਾਰੀਕਰਤਾ ਦੇ ਪੱਜ਼ੀਟਿਵ ਪੇ ਬੇਨਤੀ ਨੂੰ ਇੱਕ ਆਟੋ-ਪ੍ਰਾਪਤੀ ਈਮੇਲ ਦੇ ਜ਼ਰੀਏ ਸਵੀਕਾਰ ਕੀਤਾ ਜਾਵੇਗਾ।

ਚਰਨ 3: ਚੈੱਕ ਜਾਰੀਕਰਤਾ (ਜਾਰੀਕਰਤਾ) ਦੇ ਰਜਿਸਟਰਡ ਈਮੇਲ ਆਈਡੀ ਤੋਂ ਈਮੇਲ ਪ੍ਰਾਪਤ ਹੋਣ 'ਤੇ, ਬੈਂਕ ਵੇਰਵਿਆਂ ਦੀ ਕ੍ਰਾੱਸ ਵੈਰੀਫਿਕੇਸ਼ਨ ਕਰੇਗਾ।

ਚਰਨ 4: ਬੈਂਕ ਪੱਜ਼ੀਟਿਵ ਪੇ ਬੇਨਤੀ ਨੂੰ ਸਵੀਕਾਰ ਜਾਂ ਅਸਵੀਕਾਰ ਕਰੇਗਾ ਅਤੇ ਸਵੀਕ੍ਰਿਤੀ ਜਾਂ ਅਸਵੀਕ੍ਰਿਤੀ ਦੀ ਪੁਸ਼ਟੀ ਈਮੇਲ ਰਾਹੀਂ ਚੈੱਕ ਜਾਰੀਕਰਤਾ (ਜਾਰੀਕਰਤਾ) ਨੂੰ ਭੇਜੀ ਜਾਵੇਗੀ।

ਚਰਨ 5: ਜੇਕਰ ਡੇਟਾ ਅੰਤਰ ਦੇ ਕਾਰਨ ਅਸਵੀਕ੍ਰਿਤੀ ਹੁੰਦੀ ਹੈ, ਤਾਂ ਜਾਰੀਕਰਤਾ (ਜਾਰੀਕਰਤਾ) ਨੂੰ ਚੈਕ ਦਾ ਸਹੀ ਵੇਰਵਾ ਦਿੰਦੇ ਹੋਏ ਈਮੇਲ ਜ਼ਰੀਏ ਇੱਕ ਨਵੀਂ ਪੱਜ਼ੀਟਿਵ ਪੇ ਬੇਨਤੀ ਸ਼ੁਰੂ ਕਰਨੀ ਪਵੇਗੀ। ਅਪੰਜੀਕ੍ਰਿਤ ਈਮੇਲ ਕਾਰਨ ਅਸਵੀਕ੍ਰਿਤੀ ਦੇ ਮਾਮਲੇ ਵਿੱਚ, ਗਾਹਕ ਨੂੰ ਕੇਵਲ ਆਪਣੇ ਪੰਜੀਕ੍ਰਿਤ ਈਮੇਲ ਆਈਡੀ ਤੋਂ ਨਵੀਂ ਬੇਨਤੀ ਸ਼ੁਰੂ ਕਰਨੀ ਪਵੇਗੀ।

ਨੋਟ: ਇਹ ਸੇਵਾ ਸਿਰਫ਼ 50,000/- ਰੁਪਏ ਅਤੇ ਇਸ ਤੋਂ ਵੱਧ ਦੇ ਸਟੀਟੀਐਸ ਕਲੀਅਰਿੰਗ ਅਧੀਨ ਪ੍ਰਾਪਤ ਕੀਤੇ ਗਏ ਚੈੱਕ ਲਈ ਲਾਗੂ ਹੈ।

* ਪੱਜ਼ੀਟਿਵ ਪੇ 01 ਜਨਵਰੀ, 2021 ਤੋਂ ਲਾਗੂ ਕੀਤਾ ਗਿਆ ਹੈ।
** ਵਰਤਮਾਨ ਵਿੱਚ ਪੱਜ਼ੀਟਿਵ ਪੇ ਪ੍ਰਣਾਲੀ (ਪੀਪੀਐਸ) ਦੀ ਪੁਸ਼ਟੀ ਗਾਹਕਾਂ ਦੁਆਰਾ ਰਜਿਸਟਰਡ ਈਮੇਲ ਆਈਡੀ, ਨੈੱਟ ਬੈਂਕਿੰਗ ਅਤੇ ਮੋਬਾਈਲ ਬੈਂਕਿੰਗ ਰਾਹੀਂ ਦਿੱਤੀ ਜਾ ਸਕਦੀ ਹੈ
** ਗਾਹਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਿਰਫ਼ ਅੰਗਰੇਜ਼ੀ ਭਾਸ਼ਾ ਵਿੱਚ ਡੇਟਾ ਜਮ੍ਹਾਂ ਕਰਨ।
* ਕਿਰਪਾ ਕਰਕੇ ਭੁਗਤਾਨਕਰਤਾ (ਲਾਭਪਾਤਰੀ) ਦੇ ਨਾਮ ਦੇ ਵੇਰਵੇ ਪ੍ਰਦਾਨ ਕਰਨਾ ਯਕੀਨੀ ਬਣਾਓ, ਬਿਲਕੁਲ ਉਸੇ ਤਰੀਕੇ ਨਾਲ ਜਿਵੇਂ ਇਹ ਜਾਰੀ ਕੀਤੇ ਗਏ ਚੈੱਕ 'ਤੇ ਕੈਪਚਰ ਕੀਤਾ ਗਿਆ ਹੈ।
* ਭੁਗਤਾਨਕਰਤਾ ਦੇ ਨਾਮ ਵਿੱਚ a-z,A-Z,0-9,(ਅੰਡਰਸਕੋਰ), ਖਾਲੀ ਥਾਂ,(ਅਪੋਸਟ੍ਰੋਫੀ), ਕੌਮਾ, ਫੁੱਲ ਸਟਾਪ ਤੋਂ ਇਲਾਵਾ ਕੋਈ ਵੀ ਵਿਸ਼ੇਸ਼ ਅੱਖਰਾਂ ਦੀ ਇਜਾਜ਼ਤ ਨਹੀਂ ਹੋਵੇਗੀ।

==========

ਗਾਹਕਾਂ ਦੁਆਰਾ ਬੈਂਕ ਨੂੰ ਪੱਜ਼ੀਟਿਵ ਪੇ ਬੇਨਤੀ ਜਮ੍ਹਾਂ ਕਰਾਉਣ ਲਈ ਅਨੁਸਰਨ ਕੀਤਾ ਜਾਣ ਵਾਲਾ ਨਮੂਨਾ ਈਮੇਲ ਫਾਰਮੈਟ ਮਹੱਤਵਪੂਰਨ ਹਦਾਇਤਾਂ ਦੇ ਨਾਲ ਨੱਥੀ ਕੀਤਾ ਜਾਵੇਗਾ।

HDFC BANK
INDIA'S No.1 BANK
Classification - Internal